# ਸੀਨੀ: ਕਾਰਜਕਾਰੀ ਇੰਜੀਨੀਅਰ ਵੰਡ ਮੰਡਲ

## *(ਪੰ: ਰਾ: ਬਿ: ਬੋ: ਮਾਨਸਾ)*

ਸੀਨੀ: ਕਾਰਜਕਾਰੀ ਇੰਜੀਨੀਅਰ ਵੰਡ ਮੰਡਲ ਮਾਨਸਾ ਦੀ ਨਿਗਰਾਨੀ ਹੇਠ ਪੰਜਾਬ ਰਾਜ ਬਿਜਲੀ ਬੋਰਡ ਮਾਨਸਾ ਜ਼ਿਲ੍ਹੇ ਦੇ ਲੋਕਾਂ ਨੂੰ ਨਿਰਵਿਘਨ ਸਪਲਾਈ ਦੇਣ ਅਤੇ ਉਹਨਾਂ ਦੀਆ ਮੁਸ਼ਕਲਾਂ ਨੂੰ ਦੂਰ ਕਰਨ ਲਈ ਹੇਠ ਲਿਖੇ ਅਨੁਸਾਰ ਕੰਮ ਕਰ ਰਿਹਾ ਹੈ :-

ਮਾਨਸਾ ਮੰਡਲ 5 ਨੰ: ਉਪ ਮੰਡਲਾਂ ਵਿੱਚ ਵੰਡਿਆ ਹੋਇਆ ਹੈ ਅਤੇ ਹਰ ਉਪ ਮੰਡਲ ਦਾ ਇੰਚਾਰਜ ਸਹਾਇਕ ਕਾਰਜਕਾਰੀ ਇੰਜਨੀਅਰ/ਸਹਾਇਕ ਇੰਜੀਨੀਅਰ ਹੈ। ਜਿਹੜੇ ਉਪ ਮੰਡਲ ਪੱਧਰ ਤੇ ਲੋਕਾਂ ਦੀਆਂ ਬਿਜਲੀ ਸਬੰਧੀ ਸ਼ਿਕਾਇਤਾਂ ਅਟੈਂਡ ਕਰਨ ਤੋਂ ਇਲਾਵਾ ਹਰ ਉਪ ਮੰਡਲ ਵਿੱਚ ਇੱਕ ਕੰਜਿਊਮਰ ਕੇਅਰ ਸੈਂਟਰ ਖੋਲ੍ਹਿਆ ਗਿਆ ਹੈ ਜਿੱਥੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਲੋਕਾਂ/ਖਪਤਕਾਰਾਂ ਦੇ ਬਿਜਲੀ ਨਾਲ ਸਬੰਧਤ ਮਾਮਲਿਆਂ ਬਾਰੇ ਜਾਣਕਾਰੀ ਅਤੇ ਸੇਧ ਦਿੱਤੀ ਜਾਂਦੀ ਹੈ।

ਉਪਰੋਕਤ ਤੋਂ ਇਲਾਵਾ ਹਲਕਾ ਪੱਧਰ ਤੇ ਵੀ ਨਿਗਰਾਨ ਇੰਜੀਨਅਰ ਵੱਲੋਂ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਜਿਥੇ ਲੋਕਾਂ ਦੀਆਂ ਸ਼ਿਕਾਇਤਾਂ ਲਿਖੀਆਂ ਜਾਂਦੀਆਂ ਹਨ ਅਤੇ ਉਹਨਾਂ ਨੂੰ ਨਿੱਜੀ ਪੱਧਰ ਤੇ ਹੱਲ ਕਰਵਾਇਆ ਜਾਂਦਾ ਹੈ।

ਉਪਰੋਕਤ ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ ਮਾਨਸਾ ਵੱਲੋਂ ਜ਼ਿਲ੍ਹੇ ਦੇ ਵਿਕਾਸ ਦੇ ਕੰਮਾਂ ਵਿੱਚ ਪੂਰਾ ਯੋਗਦਾਨ ਪਾਇਆ ਗਿਆ ਹੈ, ਜਿਸ ਦੇ ਸਬੰਧ ਵਿੱਚ ਅੰਕੜੇ ਹੇਠ ਲਿਖੇ ਅਨੁਸਾਰ ਹਨ :

*ਕੁੱਲ ਕੁਨੈਕਸ਼ਨ :*

| | | | |
|---|---|---|---|
| 1 | ਜਨਰਲ | = | 59156 |
| 2 | ਉਦਯੋਗਿਕ | = | 990 |
| 3 | ਟਿਊਬਵੈਲ | = | 5429 |

*ਸਬ-ਸਟੇਸ਼ਨ :*

| | | | |
|---|---|---|---|
| 1 | 220 ਕੇ. ਵੀ. | = | 1 |
| 2 | 66 ਕੇ. ਵੀ. | = | 7 |
| 3 | 33 ਕੇ. ਵੀ. | = | 1 |

*ਨਵੇਂ ਚਾਲੂ ਕੀਤੇ :*

| | | |
|---|---|---|
| 11 ਕੇ. ਵੀ. ਲਾਈਨ | = | 1356 ਕਿਲੋਮੀਟਰ |
| ਐਲ. ਟੀ. ਲਾਈਨ | = | 1386 " |
| ਟਰਾਂਸਫਾਰਮਰ | = | 2106 ਨੰ: |
| ਪ੍ਰੋਜੈਕਟਿਡ ਰੈਵੇਨਿਊ | = | |
| ਮਾਨਸਾ ਮੰਡਲ ਵਿੱਚ ਕੁਲ ਪਿੰਡ | = | 122 |
| ਜਿੰਨੇ ਪਿੰਡਾਂ ਨੂੰ ਸ਼ਹਿਰੀ ਇਲਾਕੇ ਵਾਂਗ 24 ਘੰਟੇ ਸਪਲਾਈ ਦਿੱਤੀ | = | 96 |

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਕੰਮਾਂ ਦੀ ਵਿਉਂਤ ਬਣਾ ਕੇ ਵਿਚਾਰ ਅਧੀਨ ਹੈ :

***ਨਵੇਂ ਵਿਉਂਤ ਕੀਤੇ ਸਬ ਸਟੇਸ਼ਨ:***

| | | |
|---|---|---|
| ਅਪਗਰੇਡੇਸ਼ਨ | ਅਗਮਨਟੇਸ਼ਨ 33 ਕੇ. ਵੀ. ਤੋਂ 66 ਕੇ ਵੀ | ਸੰਘਾ |
| | 66 ਕੇ. ਵੀ. (ਨਵਾਂ) | ਮੱਤੀ |

ਅੱਜ ਕੱਲ੍ਹ ਘਰਾਂ ਅਤੇ ਉਦਯੋਗਿਕ ਕੈਟਾਗਰੀ ਦੇ ਕੁਨੈਕਸ਼ਨ ਬਿਨੈਕਾਰ ਵੱਲੋਂ ਟੈਸਟ ਰਿਪੋਰਟ ਦੇਣ ਤੋਂ 2 ਮਹੀਨੇ ਦੇ ਅੰਦਰ-ਅੰਦਰ ਜਾਰੀ ਕੀਤੇ ਜਾ ਰਹੇ ਹਨ ।

ਬਿਜਲੀ ਬੋਰਡ ਵੱਲੋਂ ਲੋਕਾਂ ਨੂੰ ਜਾਰੀ ਕੀਤੇ ਜਾਂਦੇ ਕੁਨੈਕਸ਼ਨਾਂ ਲਈ ਹੇਠ ਲਿਖੇ ਚਾਰਜ ਬੋਰਡ ਵੱਲੋਂ ਮਿਥੇ ਸਡਿਊਲ ਮੁਤਾਬਿਕ ਜਮ੍ਹਾਂ ਕਰਵਾਏ ਜਾਂਦੇ ਹਨ :

| ਲੜੀ ਨੰ: | ਕੁਨੈਕਸ਼ਨ ਦੀ ਕਿਸਮ | ਸਕਿਊਰਿਟੀ | ਕੁਨੈਕਸ਼ਨ ਫੀਸ | ਵਿਸ਼ੇਸ਼ ਕਥਨ |
|---|---|---|---|---|
| 1 | ਘਰੇਲੂ ਕੈਟਾਗਰੀ | 500/- ਰੁ: ਪ੍ਰਤੀ ਕਿਲੋਵਾਟ | 600/- ਪ੍ਰਤੀ ਕਿਲੋਵਾਟ | ਫਾਰਮ 50/- ਰੁ: ਲੈਕੇ ਉਪ ਮੰਡਲ ਦਫ਼ਤਰ ਤੇ ਦਿੱਤੇ ਜਾਂਦੇ ਹਨ । |
| 2 | ਐਨ. ਆਰ. ਐਸ. (ਨਾਨ ਰੈਜੀਡੈਂਸ਼ਲ ਸਪਲਾਈ) ਸੀ.ਐਸ. (ਕਮਰਸ਼ੀਅਲ ਸਪਲਾਈ) | 700/- ਰੁ: -ਉਹੀ- | 600/- -ਉਹੀ- | -ਉਹੀ- |
| 3 | ਐਸ. ਪੀ. (ਸਮਾਲ ਪਾਵਰ ਸਪਲਾਈ) (20 ਕਿਲੋਵਾਟ ਤੱਕ) | 500/- ਰੁ: -ਉਹੀ- | 750/- -ਉਹੀ- | |
| 4 | ਐਮ.ਐਸ. ਕੈਟਾਗਰੀ (ਮੀਡੀਅਮ ਸਪਲਾਈ ਕੈਟਾਗਰੀ) 21 ਤੋਂ 100 ਕਿਲੋਵਾਟ ਤੱਕ | 750/- ਰੁ: -ਉਹੀ- | 750/- -ਉਹੀ- | |
| 5 | ਐਲ. ਐਸ. (ਲਾਰਜ ਸਪਲਾਈ ਕੈਟਾਗਰੀ) ਪਾਵਰ ਇਨਟਰਸਿਵ ਲੋਡ | 1000/- ਰੁ: 1500/- | 750/- | ਜਾਂ ਅਨੁਮਾਨ ਦੀ ਕੀਮਤ ਤੋਂ ਵੱਧ |
| 6 | ਏ.ਪੀ. (ਐਗਰੀਕਲਚਰ ਪਰਪਜ ਕੈਟਾਗਰੀ) | 200/- ਰੁ: ਪ੍ਰਤੀ ਬੀ.ਐਚ.ਪੀ. | 3000/- ਰੁ: ਪ੍ਰਤੀ ਬੀ.ਐਚ. ਪੀ. (ਪ੍ਰਤੀ ਹਾਰਸ ਪਾਵਰ) | |

ਆਰਜੀ ਟਿਊਬਵੈਲ ਕੁਨੈਕਸ਼ਨ ਝੋਨੇ ਦੇ ਸੀਜਨ ਦੌਰਾਨ ਬੋਰਡ ਦੀਆਂ ਹਦਾਇਤਾਂ ਆਉਣ ਤੇ ਜੂਨ ਮਹੀਨੇ ਵਿੱਚ ਜਾਰੀ ਕੀਤੇ ਜਾਂਦੇ ਹਨ ਜਿਹੜੇ ਫਿਰ ਲੱਗਭਗ ਅਕਤੂਬਰ ਮਹੀਨੇ ਦੇ ਅੰਤ ਵਿੱਚ ਕੱਟ ਦਿੱਤੇ ਜਾਂਦੇ ਹਨ ।

*ਸਹੂਲਤਾਂ :-*

1 ਲੋਕਾਂ ਦੀ ਸਹੂਲਤ ਲਈ ਉਹਨਾਂ ਨੂੰ ਆਉਂਦੀਆਂ ਮੁਸ਼ਿਕਲਾਂ ਦਾ ਨਿਪਟਾਰਾ ਸਬੰਧਤ ਇਲਾਕੇ ਵਿੱਚ ਪੈਂਦੇ ਬਿਜਲੀ ਬੋਰਡ ਦੇ ਦਫ਼ਤਰਾਂ ਵੱਲੋਂ ਕੀਤਾ ਜਾਂਦਾ ਹੈ ।

2 ਲੋਕਾਂ ਦੀ ਸਹੂਲਤ ਲਈ ਬਿੱਲ ਜਮ੍ਹਾ ਕਰਵਾਉਣ ਲਈ ਉਪ ਮੰਡਲ ਅਫ਼ਸਰ ਦੇ ਦਫ਼ਤਰ ਵਿਖੇ ਕੈਸ਼ੀਅਰ ਦੁਆਰਾ ਬਿੱਲ ਲਏ ਜਾਂਦੇ ਹਨ ।

3 ਅਨੁਸੂਚਿਤ ਜਾਤੀ ਨੂੰ ਘਰੇਲੂ ਸਪਲਾਈ ਲਈ 50 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਦਿੱਤੇ ਜਾਂਦੇ ਹਨ ਬਸਰਤੇ ਕਿ ਲੋਡ 300 ਵਾਟ ਤੋਂ ਵੱਧ ਨਾ ਹੋਵੇ ।